
# ਰਮਦਾਸ ਦੇ ਗੁਰਦੁਆਰਾ ਸਾਹਿਬਾਨ

## ਅਤੇ

# ਸੰਖੇਪ ਜੀਵਨ ਬਾਬਾ ਬੁੱਢਾ ਸਾਹਿਬ ਜੀ



ਗੁ: ਸਮਾਧ ਬਾਬਾ ਬੁੱਢਾ ਜੀ

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ। ਇਹ ਗੁਰੂ ਨਾਨਕ ਜੋਤ ਅਗਾਂਹ ਦਸ ਗੁਰੂ ਸਾਹਿਬਾਨ ਦੇ ਰੂਪ ਵਿਚ ਧਰਮ ਦਾ ਵਿਕਾਸ ਤੇ ਵਿਸਥਾਰ ਕਰਦੀ ਰਹੀ। ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿੱਖ ਧਰਮ ਦੇ ਵਿਕਾਸ ਵਿਚ ਗੁਰੂ-ਘਰ ਦੇ ਵਰੋਸਾਏ ਹੋਏ ਬਹੁਤ ਸਾਰੇ ਗੁਰਸਿੱਖਾਂ ਦਾ ਵੀ ਯੋਗਦਾਨ ਹੈ। ਇਨ੍ਹਾਂ ਗੁਰਸਿੱਖਾਂ ਵਿਚੋਂ ਸਭ ਤੋਂ ਵੱਧ ਨਿਕਟਤਾ ਹਾਸਲ ਕਰਕੇ ਲੰਮੀ ਘਾਲਣਾ ਘਾਲਣ ਵਾਲੀ ਮਹਾਨ ਸ਼ਖ਼ਸੀਅਤ ਸਨ ਬਾਬਾ ਬੁੱਢਾ ਜੀ।

ਬਾਬਾ ਬੁੱਢਾ ਜੀ ਦਾ ਜਨਮ ਪਿੰਡ ਕੱਥੂਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਭਾਈ ਸੁੱਘਾ ਜੀ ਦੇ ਘਰ ਮਾਤਾ ਗੌਰਾਂ ਜੀ ਦੀ ਕੁੱਖੋਂ 6 ਅਕਤੂਬਰ ਦਿਨ ਮੰਗਲਵਾਰ ਸੰਨ 1506 ਮੁਤਾਬਕ 7 ਕੱਤਕ ਸੰਮਤ 1563 ਨੂੰ ਹੋਇਆ। ਮਾਤਾ-ਪਿਤਾ ਦੀ ਇੱਛਿਆ ਨਾਲ ਆਪ ਦਾ ਨਾਮ ਬੂੜਾ ਰੱਖਿਆ ਗਿਆ। ਸਾਰੇ ਪਿੰਡ ਦੇ ਲੋਕ ਆਪ ਜੀ ਨੂੰ ਬੂੜਾ ਕਹਿ ਕੇ ਬੁਲਾਉਣ ਲੱਗ ਪਏ।



ਲਕੜੀ ਦਾ ਮੰਜਾ

ਭਾਈ ਸੁੱਘਾ ਜੀ ਨੇ ਰਾਵੀ ਦਰਿਆ ਦੇ ਕੰਢੇ ਰਾਮਦਾਸ ਨੇੜੇ ਜ਼ਮੀਨ ਖਰੀਦ ਲਈ ਅਤੇ



ਗੁ: ਸਰੋਵਰ ਕਿਸ਼ਨ ਕੰਵਰ ਜੀ ਤਲਾਬ

ਪਰਿਵਾਰ ਸਮੇਤ ਉਥੇ ਜਾ ਕੇ ਰਹਿਣ ਲੱਗ ਪਏ। ਉਸ ਸਮੇਂ ਬੂੜਾ ਜੀ ਦੀ ਉਮਰ ਪੰਜ ਕੁ ਸਾਲ ਦੀ ਸੀ। ਆਪ ਜਦੋਂ ਥੋੜੇ ਜਿਹੇ ਵੱਡੇ ਹੋਏ ਤਾਂ ਆਪਣੇ ਸਿਆਣੇ ਹਾਣੀਆਂ ਨਾਲ ਰਾਵੀ ਦਰਿਆ ਦੇ ਕਿਨਾਰੇ ਮਾਲ ਡੰਗਰ ਚਾਰਨ ਜਾਣ ਲੱਗ ਪਏ। ਬਾਬਾ ਬੁੱਢਾ ਜੀ ਰੋਜ਼ਾਨਾ ਹਾਣ ਦੇ ਬਾਲਕਾਂ ਨਾਲ ਖੇਡਾਂ ਖੇਡਦੇ ਰਹਿੰਦੇ ਤੇ ਪਸ਼ੂ ਹਰਾ ਘਾਹ ਚਰਦੇ ਰਹਿੰਦੇ। ਆਪ ਆਪਣੇ ਸਾਥੀਆਂ ਨੂੰ ਨਿੱਤ ਨਵੀਆਂ ਕਹਾਣੀਆਂ ਸੁਣਾ ਕੇ ਉਹਨਾਂ ਦਾ ਮਨ ਲਗਾਈ ਰੱਖਦੇ। ਇਸੇ ਤਰ੍ਹਾਂ ਖੇਡਦਿਆਂ-ਖੇਡਦਿਆਂ ਬਾਲਕ ਬੂੜਾ ਜੀ ਦੀ ਉਮਰ ਬਾਰਾਂ ਕੁ ਸਾਲ ਦੀ ਹੋ ਗਈ। ਹੁਣ ਪੂਰਬਲੇ ਭਾਗ ਜਾਗਣ ਦਾ ਸਮਾਂ ਆ ਗਿਆ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਤਪਦੇ ਹਿਰਦਿਆਂ ਨੂੰ ਨਾਮ ਉਪਦੇਸ਼ ਰਾਹੀਂ ਠਾਰਦੇ ਅਤੇ ਲੋਕਾਈ ਦਾ ਪਾਰ ਉਤਾਰਾ ਕਰਦੇ ਹੋਏ ਸੰਨ 1518 (ਸੰਮਤ 1575) ਨੂੰ ਰਾਵੀ ਪਾਰ ਕਰਕੇ ਇਕ ਦਰੱਖਤ ਦੀ ਸੰਘਣੀ ਛਾਂ ਹੇਠ ਆ ਬਿਰਾਜਮਾਨ ਹੋਏ। ਉਥੇ ਹੀ ਬੂੜਾ ਜੀ ਪਸ਼ੂ ਚਾਰ ਰਹੇ ਸਨ। ਸ੍ਰੀ ਗੁਰੂ ਨਾਨਕ ਸਾਹਿਬ ਦੇ ਦੀਦਾਰ ਪੈਂਦਿਆਂ ਹੀ ਬੂੜਾ ਜੀ ਆਪਣੇ ਸਾਥੀਆਂ ਸਮੇਤ ਉਨ੍ਹਾਂ ਵੱਲ ਹੋ ਤੁਰੇ। ਭਾਈ ਬੂੜੇ ਸਮੇਤ ਸਾਰੇ ਬਾਲਕਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਕੀਤੀ, ਸਤਿਗੁਰਾਂ ਦੇ ਦਰਸ਼ਨ ਕੀਤੇ ਤੇ ਨਿਹਾਲ ਹੋ ਗਏ। ਆਏ ਬਾਲਕਾਂ ਨੂੰ ਪਾਤਸ਼ਾਹ ਨੇ ਪੁੱਛਿਆ - ਤੁਸੀਂ ਕਿਸ ਦੇ ਬਾਲਕ



ਸੰਗਮਰਮਰ ਦੀ ਸਿੱਲ



ਹੋ? ਆਪਣੇ ਮਾਤਾ ਪਿਤਾ ਦੇ ਨਾਂ ਅਤੇ ਥਹੁ-ਪਤਾ ਵੀ ਦੱਸੋ? ਜਦੋਂ ਗੁਰੂ ਜੀ ਨੇ ਇਹ ਸਵਾਲ ਕੀਤਾ ਤਾਂ ਸਾਰੇ ਬਾਲਕ ਇਕ ਦੂਜੇ ਵੱਲ ਵੇਖਣ ਲੱਗ ਪਏ। ਕੋਈ ਵੀ ਨਾ ਬੋਲਿਆ।



ਗੁ: ਤਪ ਅਸਥਾਨ ਬਾਬਾ ਬੁੱਢਾ ਜੀ

ਬਾਲਕ ਬੂੜਾ ਬੋਲਿਆ ਮੇਰੇ ਪਿਤਾ ਜੀ ਦਾ ਨਾਂ ਸੁੱਘਾ ਹੈ ਅਤੇ ਸਾਡਾ ਪਿੰਡ ਕੱਥੂਨੰਗਲ ਹੈ। ਅਸੀਂ ਇੱਥੇ ਜ਼ਮੀਨ ਲਈ ਹੈ। ਇਹ ਬਾਲਕ ਮੁਸਲਮਾਨ ਹਨ, ਪਰ ਰੱਬ ਦੀ ਕ੍ਰਿਪਾ ਸਦਕਾ, ਅਸੀਂ ਰਲ ਮਿਲ ਕੇ ਰਹਿੰਦੇ ਹਾਂ। ਉਹ ਬੱਚੇ ਕੁਝ ਚਿਰ ਤਾਂ ਵੇਖਦੇ ਸੁਣਦੇ ਰਹੇ ਤੇ ਫਿਰ ਪਸ਼ੂਆਂ ਤਾਈਂ ਨਿਗ੍ਹਾ ਰੱਖਣ ਲਈ ਭੱਜ ਗਏ। ਬਾਲਕ ਬੂੜਾ ਜੀ ਗੁਰੂ ਜੀ ਦੇ ਪਾਸ ਹੀ ਬੈਠੇ ਪਾਵਨ ਬਚਨ ਸੁਣਦੇ ਰਹੇ।


ਸ਼ਾਮਾਂ ਪੈ ਗਈਆਂ, ਸਭ ਬਾਲਕ ਆਪਣਾ-ਆਪਣਾ ਮਾਲ ਡੰਗਰ ਲੈ ਆਪਣੇ-ਆਪਣੇ ਘਰ ਪਰਤ ਗਏ। ਪਰ ਬੂੜਾ ਜੀ ਦਾ ਘਰ ਜਾਣ ਨੂੰ ਮਨ ਨਾ ਮੰਨਿਆ। ਮਨ ਵਿਚ ਪਿਆਰੇ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਤੇ ਉਹਨਾਂ ਨੂੰ ਕੁੱਝ ਭੇਟ ਕਰਨ ਦੀ ਰੀਝ ਸੀ।

ਬਾਬਾ ਜੀ ਗਾਂ ਦਾ ਦੁੱਧ ਚੋ ਲਿਆਏ ਤੇ ਦੋ ਟਿੰਡਾਂ ਵਿਚ ਭਰ ਕੇ ਸਤਿਗੁਰਾਂ ਜੀ ਦੇ ਚਰਨੀਂ ਭੇਟ ਕੀਤਾ ਅਤੇ ਬੇਨਤੀ ਕੀਤੀ "ਜਨਮ-ਮਰਨ ਦਾ ਚੱਕਰ ਕੱਟ ਦਿਓ, ਮੈਨੂੰ ਬਹੁਤ ਡਰ ਲੱਗਦਾ ਹੈ।"

ਸਤਿਗੁਰੂ ਜੀ ਭੋਲੇ ਜਿਹੇ ਬਾਲਕ ਦੇ ਮੁੱਖ ਤੋਂ ਏਨੀ ਵੱਡੀ ਗੱਲ ਸੁਣ ਕੇ ਹੱਸ ਪਏ। ਫਿਰ ਸਤਿਗੁਰੂ ਜੀ ਨੇ ਭਾਈ ਬੂੜਾ ਜੀ ਨੂੰ ਪੁੱਛਿਆ- "ਉਮਰ ਤਾਂ ਭਾਵੇਂ ਅਜੇ ਤੇਰੀ ਨਿਆਣੀ ਹੈ, ਪਰ ਗੱਲਾਂ, ਤੇਰੀਆਂ ਸਿਆਣੀਆਂ ਨੇ, ਅੱਛਾ ਇਹ ਦੱਸ ਕਿ ਇਹ ਡਰ ਤੇਰੇ ਮਨ ਵਿਚ ਕਿਥੋਂ ਉਪਜਿਆ ਤੇ ਇਹ ਸਮਝ



ਗੁ: ਕਿਸ਼ਨ ਕੰਵਰ ਸਾਹਿਬ ਜੀ



ਗੁ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
(ਭਾਈ ਸੁੱਖਾ ਜੀ)

ਤੇਰੇ ਮਨ ਵਿਚ ਕਿੱਥੋਂ ਪਈ ਹੈ?" ਭਾਈ ਬੂੜਾ ਜੀ ਨੇ ਉੱਤਰ ਦਿੱਤਾ ਕਿ ਇਕ ਦਿਨ ਮੇਰੀ ਮਾਤਾ ਅੱਗ ਬਾਲ ਰਹੀ ਸੀ ਤੇ ਵੇਖਿਆ ਕਿ ਛੋਟੀਆਂ ਲੱਕੜਾਂ ਨੂੰ ਪਹਿਲਾਂ ਅੱਗ ਲੱਗੀ ਅਤੇ ਵੱਡੀਆਂ ਨੂੰ ਬਾਅਦ ਵਿਚ। ਮੇਰੇ ਮਨ ਵਿਚ ਵਿਚਾਰ ਆਇਆ ਕਿ ਮੇਰੇ ਵਰਗੇ ਬਾਲਕ ਦਾ ਤਾਂ ਪਹਿਲਾ ਕਾਲ ਆ ਜਾਵੇਗਾ। ਇਸ ਕਰਕੇ ਭਵ-ਸਾਗਰ ਵਿਚੋਂ ਨਿਕਲਣ ਦਾ ਰਾਹ ਸੋਚਦਾ ਰਹਿੰਦਾ ਹਾਂ। ਸਤਿਗੁਰੂ ਜੀ ਸੁਣ ਕੇ ਅਤੀ ਪ੍ਰਸੰਨ ਹੋਏ ਤੇ ਕਹਿਣ ਲੱਗੇ- ਬੇਸ਼ੱਕ ਉਮਰ ਤਾ ਤੇਰੀ ਬਾਲਕਾਂ ਵਾਲੀ ਹੈ ਪਰ ਗਿਆਨ ਤੇ ਸਮਝ ਪੱਖੋਂ ਤੂੰ ਵੱਡਾ ਹੈਂ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਬੂੜਾ ਜੀ ਦੇ ਸਿਰ 'ਤੇ ਪਿਆਰ ਦੇ ਕੇ ਲੱਗੇ ਰਹਿਮਤ ਦੀ ਬਖਸ਼ਿਸ਼ ਕਰਨ- "ਬੁੱਢਾ ਜੀ! ਸੂਰਤ ਪ੍ਰਭੂ ਨਾਲ ਲਾਈ ਰੱਖਣੀ, ਕੁਦਰਤ ਨਾਲ ਇਕ ਸੁਰ ਹੋ ਕੇ ਚੱਲਣਾ। ਸੇਵਾ ਸਿਮਰਨ ਦੇ ਨਾਲ ਹੱਕ ਦੀ ਕਿਰਤ ਕਰਨੀ। ਇਸ ਤਰ੍ਹਾਂ, ਜਨਮ ਮਰਨ ਕੱਟਿਆ ਜਾਂਦਾ ਹੈ।"

ਸਤਿਗੁਰਾਂ ਵੱਲੋਂ ਬੂੜੇ ਜੀ ਨੂੰ ਬੁੱਢਾ ਕਹਿਣ ਕਰਕੇ ਸਭ ਸੰਗਤਾਂ ਵੀ ਆਪ ਜੀ ਨੂੰ ਭਾਈ ਬੁੱਢਾ ਜੀ ਕਹਿਣ ਲੱਗ ਪਈਆਂ। ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਭਾਈ ਬੁੱਢਾ ਜੀ ਪ੍ਰਕਾਸ਼ਮਾਨ ਹੋ ਗਏ।

### ਝੰਡਾ ਰਾਮਦਾਸਪੁਰ

ਰਾਮਦਾਸ ਦਾ ਪਹਿਲਾ ਨਾਂ ਝੰਡਾ ਰਾਮਦਾਸਪੁਰ ਸੀ। ਇਹ ਨਾਮ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਕਸਬੇ ਨੂੰ ਉਦੋਂ ਦਿੱਤਾ ਜਦੋਂ ਬਾਬਾ ਬੁੱਢਾ ਜੀ ਦੇ ਘਰ ਪੜਪੋਤਰੇ ਨੇ ਜਨਮ ਲਿਆ। ਬਾਬਾ ਜੀ ਨੇ ਗੁਰੂ ਸਾਹਿਬ ਨੂੰ ਬੱਚੇ ਦਾ ਨਾਮ ਰੱਖਣ ਲਈ ਬੇਨਤੀ ਕੀਤੀ ਸੀ ਤਾਂ ਗੁਰੂ ਸਾਹਿਬ ਨੇ ਬਚਨ ਕੀਤੇ ਕਿ ਇਹ ਤੁਹਾਡੇ ਘਰ ਦਾ ਝੰਡਾ ਹੈ। ਤੁਹਾਡੇ ਝੰਡੇ ਝੁਲਾਏਗਾ। ਤੇਜ ਪ੍ਰਕਾਸ਼ ਵਾਲਾ ਹੋਵੇਗਾ। ਇਸ ਅਵਸਰ 'ਤੇ ਗੁਰੂ ਸਾਹਿਬ ਨੇ ਪਿੰਡ ਭਾਨਾ ਤਲਵੰਡੀ ਦਾ ਨਾਮ ਬਦਲ ਕੇ ਝੰਡਾ





ਸਮਾਧ ਬਾਬਾ ਸ਼ਾਮ ਸਿੰਘ ਜੀ

ਰਾਮਦਾਸਪੁਰ ਰੱਖ ਦਿੱਤਾ ਜੋ ਇਕ ਵੱਡੇ ਕਸਬੇ ਦਾ ਰੂਪ ਲੈ ਗਿਆ। ਇਹ ਕਸਬਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਪੈਂਦਾ ਹੈ। ਇਹ ਅੰਮ੍ਰਿਤਸਰ ਸ਼ਹਿਰ ਤੋਂ 45 ਕਿਲੋਮੀਟਰ ਅਜਨਾਲਾ ਤੋਂ ਡੇਰਾ ਬਾਬਾ ਨਾਨਕ ਨੂੰ ਜਾਂਦੀ ਸੜਕ ਅਤੇ ਅੰਮ੍ਰਿਤਸਰ ਤੋਂ ਸਿਆਲਕੋਟ ਜਾਂਦੀ ਰੇਲਵੇ ਲਾਈਨ ਦੇ ਉੱਤਰ ਖੱਬੇ ਵੱਲ ਸਥਿਤ ਹੈ। 'ਮਹਾਨ ਕੋਸ਼' ਅਨੁਸਾਰ ਇਹ ਅੰਮ੍ਰਿਤਸਰ ਤੋਂ 27 ਮੀਲ ਦੀ ਦੂਰੀ 'ਤੇ ਉੱਤਰ ਖੱਬੇ ਵੱਲ ਹੈ।

ਰਾਮਦਾਸ ਵਿਖੇ ਬਾਬਾ ਬੁੱਢਾ ਜੀ ਨਾਲ ਸੰਬੰਧਤ ਕਈ ਗੁਰਦੁਆਰਾ ਸਾਹਿਬ ਹਨ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

1. ਗੁਰਦੁਆਰਾ ਤਪ ਅਸਥਾਨ
2. ਗੁਰਦੁਆਰਾ ਬਾਬਾ ਬੁੱਢਾ ਜੀ ਸਮਾਧਾਂ
3. ਗੁਰਦੁਆਰਾ ਭਾਈ ਸੁੱਖਾ ਜੀ
4. ਗੁਰਦੁਆਰਾ ਕਿਸ਼ਨ ਕੰਵਰ ਜੀ

### ਗੁਰਦੁਆਰਾ ਤਪ ਅਸਥਾਨ (ਰਾਮਦਾਸ)

ਇਸ ਅਸਥਾਨ 'ਤੇ ਬਾਬਾ ਬੁੱਢਾ ਸਾਹਿਬ ਜੀ ਜਪ ਸਾਧਨਾ ਕਰਦੇ ਰਹੇ। ਇਸੇ ਅਸਥਾਨ 'ਤੇ ਬਾਬਾ ਬੁੱਢਾ ਸਾਹਿਬ ਜੀ ਨੇ ਅੰਤਮ ਸਮੇਂ ਛੇਵੇਂ ਪਾਤਸ਼ਾਹ ਨੂੰ ਯਾਦ ਕੀਤਾ ਅਤੇ ਛੇਵੇਂ ਪਾਤਸ਼ਾਹ, ਗੁਰਦੁਆਰਾ ਭਾਈ ਸੁੱਖਾ ਸਾਹਿਬ ਵਾਲੀ ਜਗ੍ਹਾ 'ਤੇ ਆਪਣੇ ਸਿੱਖਾਂ ਸਮੇਤ, ਘੋੜੇ ਬੰਨ੍ਹ ਕੇ ਜੋੜੇ ਉਤਾਰ ਕੇ ਨੰਗੇ ਪੈਰੀਂ ਇਸ ਅਸਥਾਨ 'ਤੇ ਆਏ। ਸਤਿਗੁਰਾਂ ਆਪਣੇ ਖੱਬੇ ਗੋਡੇ ਉਪਰ ਬਾਬਾ ਬੁੱਢਾ ਸਾਹਿਬ ਜੀ ਦਾ ਸੀਸ ਰੱਖਿਆ ਤੇ ਬਾਬਾ ਜੀ ਨਾਲ ਬਚਨ ਬਿਲਾਸ ਕੀਤਾ। ਇਸ ਸਮੇਂ ਭਾਈ ਗੁਰਦਾਸ ਜੀ, ਭਾਈ ਬਿਧੀ ਚੰਦ ਜੀ, ਭਾਈ ਜੇਠਾ ਜੀ, ਭਾਈ ਲੰਗਾਹ ਜੀ ਵੀ ਮਿਲੇ। ਭਾਈ ਭਾਨਾ ਜੀ ਨੂੰ ਬਾਬਾ ਬੁੱਢਾ ਸਾਹਿਬ ਜੀ ਨੇ ਪਾਸ ਬੁਲਾਇਆ ਅਤੇ ਆਪਣੇ ਪੁੱਤਰ ਦਾ ਹੱਥ ਗੁਰੂ ਜੀ ਦੇ ਹੱਥ ਵਿਚ ਫੜਾਇਆ ਤੇ ਬੇਨਤੀ ਕੀਤੀ ਕਿ 'ਗੁਰੂ ਮਹਾਰਾਜ! ਇਸ ਨੂੰ ਆਪਣਾ

ਦਾਸ ਜਾਣ ਕੇ, ਆਪ ਆਪਣੇ ਚਰਨਾਂ ਵਿਚ ਰੱਖ ਲਵੋ। ਇਸ ਨੂੰ ਮੇਰੇ ਵਰਗਾ ਹੀ ਸੇਵਾਦਾਰ ਸਮਝ ਲੈਣਾ।"

ਦੀਨ ਦਇਆਲ ਸਤਿਗੁਰੂ ਜੀ ਬੋਲੇ 'ਆਪ ਤਾਂ ਸਦਾ ਹੀ ਵਰੋਸਾਏ ਹੋਏ ਹੋ। ਭਾਈ ਭਾਨਾ ਸਾਡਾ ਪਿਆਰਾ ਹੈ।'

16 ਨਵੰਬਰ, ਸੰਨ 1631 (ਸੰਮਤ 1688) ਵਿਚ ਬਾਬਾ ਬੁੱਢਾ ਜੀ ਸੰਸਾਰਕ ਯਾਤਰਾ ਪੂਰੀ ਕਰਕੇ ਪ੍ਰਭੂ ਚਰਨਾਂ ਵਿਚ ਲੀਨ ਹੋ ਗਏ। ਇਸ ਸਮੇਂ ਬਾਬਾ ਬੁੱਢਾ ਜੀ ਦੀ ਉਮਰ 125 ਸਾਲ ਦੇ ਕਰੀਬ ਸੀ।

### ਇਤਿਹਾਸਕ ਵਸਤਾਂ

ਇਸ ਅਸਥਾਨ 'ਤੇ ਬਾਬਾ ਬੁੱਢਾ ਸਾਹਿਬ ਜੀ ਦੇ ਸਮੇਂ ਦੀ ਸੰਗਮਰਮਰ ਦੀ ਸਿੱਲ ਹੈ ਅਤੇ ਬਾਬਾ ਗੁਰਬਖਸ਼ ਸਿੰਘ ਜੀ ਦੀ ਲੋਹੇ ਦੀ ਕੁਹਾੜੀ ਅਤੇ ਲੱਕੜ ਦਾ ਪਲੰਘ ਹੈ ਅਤੇ ਬਾਬਾ ਬੁੱਢਾ ਸਾਹਿਬ ਜੀ ਦੇ ਇਤਿਹਾਸਕ ਖੂਹ ਮੌਜੂਦ ਹੈ।

### ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਸਮਾਧਾਂ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਦੁਆਰਾ ਤਪ ਅਸਥਾਨ (ਰਾਮਦਾਸ) ਤੋਂ ਬਾਬਾ ਬੁੱਢਾ ਸਾਹਿਬ ਜੀ ਦੀ ਮ੍ਰਿਤਕ ਦੇਹ ਨੂੰ ਸੋਹਣੀ ਅਰਥੀ ਵਿਚ ਸਜਾ ਕੇ ਆਪ ਕਾਨੀ ਬਣ ਕੇ ਇਸ ਅਸਥਾਨ 'ਤੇ ਲਿਆਏ ਸਨ ਅਤੇ ਗੁਰੂ ਜੀ ਨਾਲ ਚੋਣਵੇਂ ਸਿੱਖ ਭੀ ਸਨ। ਗੁਰੂ ਜੀ ਨੇ ਖੁਦ ਅਰਦਾਸ ਕੀਤੀ ਅਤੇ ਆਪਣੇ ਹੱਥੀਂ ਸਸਕਾਰ ਕਰਕੇ ਅੰਤਮ ਰਸਮਾਂ ਪੂਰੀਆਂ ਕੀਤੀਆਂ, ਸਸਕਾਰ ਵਾਲੀ ਜਗ੍ਹਾ ਦੇ ਨੇੜੇ ਇਕ ਟਾਹਲੀ ਦਾ ਦਰੱਖਤ ਅੱਜ ਵੀ ਮੌਜੂਦ ਹੈ। ਇਸ ਦੇ ਹੇਠਾਂ ਬੈਠ ਕੇ ਭਾਈ ਜੇਠਾ ਜੀ ਨੇ ਸੋਹਿਲਾ ਸਾਹਿਬ ਦਾ ਪਾਠ ਕੀਤਾ ਸੀ। ਇਸ ਤਰ੍ਹਾਂ ਆਖਰੀ ਵਕਤ ਵੀ ਬਾਬਾ ਬੁੱਢਾ ਸਾਹਿਬ ਜੀ, ਸਤਿਗੁਰਾਂ ਦੀਆਂ ਅਸੀਸਾਂ ਦੀਆਂ ਦਾਤਾਂ ਦੀ ਭਰੀ ਝੋਲੀ ਲੈ ਕੇ ਪ੍ਰਭੂ-ਚਰਨਾਂ ਵਿਚ ਜਾ ਬਿਰਾਜੇ। ਇਸ ਅਸਥਾਨ 'ਤੇ ਬਹੁਤ ਸੁੰਦਰ ਦੀਵਾਨ ਹਾਲ ਤਿਆਰ ਹੋ ਰਿਹਾ ਹੈ। ਇਸ ਤੋਂ ਇਲਾਵਾ ਇਥੇ ਚਾਲੀ ਦੇ ਕਰੀਬ ਰਿਹਾਇਸ਼ੀ ਕਵਾਟਰ ਬਣੇ ਹੋਏ ਹਨ।



ਲੋਹੇ ਦੀ ਕੁਹਾੜੀ
(ਬਾਬਾ ਗੁਰਬਖਸ਼ ਸਿੰਘ ਜੀ)



### ਗੁਰਦੁਆਰਾ ਭਾਈ ਸੁੱਖਾ ਜੀ

ਭਾਈ ਸੁੱਖਾ ਜੀ ਪੂਰਨ ਭਗਤੀ ਵਿਚ ਰੱਤਾ ਹੋਇਆ, ਗੁਰੂ ਦਾ ਸਿੱਖ ਸੀ। ਇਹ ਭਾਈ ਗੁਰਬਖਸ਼ ਸਿੰਘ ਜੀ ਦੀ ਸੇਵਾ ਵਿਚ ਰਹਿੰਦਾ ਸੀ। ਭਾਈ ਸੁੱਖਾ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

ਜਦੋਂ ਬਾਬਾ ਬੁੱਢਾ ਜੀ ਨੇ ਅੰਤਮ ਵੇਲੇ ਛੇਵੇਂ ਪਾਤਸ਼ਾਹ ਨੂੰ ਯਾਦ ਕੀਤਾ ਸੀ ਤਾਂ ਗੁਰੂ ਸਾਹਿਬ ਨੇ ਆਉਣ ਸਮੇਂ ਇਸੇ ਅਸਥਾਨ 'ਤੇ ਆਪਣੇ ਸਿੱਖਾਂ ਸਮੇਤ ਉਤਾਰਾ ਕੀਤਾ ਤੇ ਘੋੜੇ ਬੰਨ੍ਹੇ ਸਨ, ਇਸ ਅਸਥਾਨ ਤੋਂ ਗੁਰੂ ਮਹਾਰਾਜ ਪੈਦਲ ਪਹੁੰਚੇ।

### ਗੁਰਦੁਆਰਾ ਕਿਸ਼ਨ ਕੰਵਰ ਜੀ

ਇਹ ਅਸਥਾਨ ਬਾਬਾ ਗੁਰਬਖਸ਼ ਸਿੰਘ ਜੀ ਦੇ ਪੁੱਤਰ ਬਾਬਾ ਕਿਸ਼ਨ ਕੰਵਰ ਜੀ ਦੇ ਨਾਮ 'ਤੇ ਹੈ। ਬਾਬਾ ਗੁਰਬਖਸ਼ ਸਿੰਘ ਜੀ ਨੇ ਕਿਸ਼ਨ ਕੰਵਰ ਦੀ ਯਾਦ ਵਿਚ ਇਥੇ ਇਕ ਸਰੋਵਰ ਬਣਵਾਇਆ।

ਜੋੜ ਮੇਲੇ:- ਰਾਮਦਾਸ ਵਿਖੇ ਹਰ ਸਾਲ ਭਾਦਰੋਂ-ਅੱਸੂ ਦੇ ਮਹੀਨੇ ਚੌਥ ਦਾ ਜੋੜ ਮੇਲਾ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

### ਭਾਈ ਸ਼ਾਮ ਸਿੰਘ ਜੀ

ਭਾਈ ਸ਼ਾਮ ਸਿੰਘ ਜੀ ਦਾ ਜਨਮ ਮਾਤਾ ਨਿਸਤਾਰਾ ਜੀ ਤੇ ਭਾਈ ਮੋਹਰ ਸਿੰਘ ਜੀ ਦੇ ਘਰ ਸੰਨ 1723 (ਸੰਮਤ 1780) ਵਿਚ ਹੋਇਆ। ਨਿੱਕੇ ਹੁੰਦਿਆਂ ਹੀ ਇਹਨਾਂ ਦਾ ਸੁਭਾਅ ਰਾਜ-ਸਾਜ ਦੇ ਕੰਮ ਕਰਨ ਵਾਲਾ ਸੀ। ਸੋਲ੍ਹਾਂ ਸਾਲ ਦੀ ਉਮਰ ਵਿਚ ਭਾਈ ਸ਼ਾਮ ਸਿੰਘ ਜੀ ਦਾ ਵਿਆਹ ਨਾਰੋਵਾਲ ਦੇ ਬਾਜਵੇ ਜ਼ਿਮੀਂਦਾਰ ਭਾਈ ਹਕੂਮਤ ਰਾਏ ਦੀ ਪੁੱਤਰੀ ਧਰਮ ਕੌਰ ਨਾਲ ਹੋਇਆ। ਆਪਦੇ ਘਰ ਸੰਨ 1748 (ਸੰਮਤ 1805) ਵਿਚ ਭਾਈ ਕਾਨ੍ਹ ਸਿੰਘ ਦਾ ਜਨਮ ਹੋਇਆ। ਆਪ ਦੀ ਉਮਰ 54 ਸਾਲ ਦੇ ਕਰੀਬ ਹੋਈ ਤਾਂ ਅੰਤ ਸਮਾਂ ਨੇੜੇ ਜਾਣ ਕੇ ਆਪਣੇ ਪੁੱਤਰ ਕਾਨ੍ਹ ਸਿੰਘ ਨੂੰ ਆਪਣੀ ਜਗ੍ਹਾ ਨੀਯਤ ਕੀਤਾ। ਸੰਨ 1777 (ਸੰਮਤ 1834) ਨੂੰ ਚਲਾਣਾ ਕਰ ਗਏ।

ਭਾਈ ਸ਼ਾਮ ਸਿੰਘ ਜੀ ਨੇ ਆਪਣੇ ਸਮੇਂ ਵਿਚ ਸਿਆਸਤ ਦੇ ਵੱਡੇ-ਵੱਡੇ ਕੰਮ ਕੀਤੇ। ਆਪ ਨੇ ਰਿਆਸਤ ਦੇ ਇਲਾਕੇ ਵਿਚ ਪਿੰਡ ਵਸਾ ਕੇ ਤਿੰਨ ਕਿਲ੍ਹੇ ਬਣਾਏ ਜਿਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ:

ਸ਼ਾਮਪੁਰਾ : ਜੋ ਪਿੰਡ ਰਾਮਦਾਸ ਤੋਂ ਇਕ ਕੋਹ ਪਹਾੜ ਵੱਲ ਤੇ ਚੜ੍ਹਦੇ ਪਾਸੇ ਹੈ।

ਸ਼ਾਹਪੁਰ : ਜੋ ਪਿੰਡ ਰਾਮਦਾਸ ਤੋਂ ਛੇ ਕੋਹ ਚੜ੍ਹਦੇ ਪਾਸੇ ਹੈ।

ਸ਼ਾਮਨਗਰ : ਜੋ ਪਿੰਡ ਕੱਥੂਨੰਗਲ ਦੇ ਪਾਸ ਹੈ।

ਇਨ੍ਹਾਂ ਕਿਲ੍ਹਿਆਂ ਦੇ ਨਿਸ਼ਾਨ ਅਜੇ ਤੀਕ ਕਾਇਮ ਹਨ। ਆਪ ਫਾਰਸੀ ਵਿਦਿਆ ਦੇ ਚੰਗੇ ਜਾਣੂੰ ਸਨ। ਸੰਨ 1773 (ਸੰਮਤ 1836) ਨੂੰ ਭਾਈ ਸ਼ਾਮ ਸਿੰਘ ਜੀ ਨੇ ਇਕ ਦਮਦਮਾ ਬਣਵਾਇਆ। ਰਿਆਸਤ ਦੇ ਸਾਰੇ ਸ਼ਸਤਰ ਇਸ ਵਿਚ ਜਮ੍ਹਾਂ ਰਹਿੰਦੇ ਸਨ। ਉਸ ਸਮੇਂ ਦੀ ਵੱਡੀ ਬੇਰੀ ਹੈ। ਇਕ ਦਮਦਮੇ ਵਿਚ ਖੂਹੀ ਹੈ ਜੋ ਤਾਰਾ ਖੂਹੀ ਦੇ ਨਾਮ ਨਾਲ ਪ੍ਰਚੱਲਿਤ ਹੈ। ਇਥੇ ਹੀ ਭਾਈ ਸ਼ਾਮ ਸਿੰਘ ਜੀ ਦੀ ਸਮਾਧ ਹੈ। ਇਹ ਸਮਾਧ ਭਾਈ ਸ਼ਾਮ ਸਿੰਘ ਦੇ ਸਪੁੱਤਰ ਭਾਈ ਕਾਨ੍ਹ ਸਿੰਘ ਨੇ ਸੰਨ 1783 (ਸੰਮਤ 1840) ਵਿਚ ਬਣਵਾਈ।

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੀਨੀਅਰ ਸੈਕੰਡਰੀ ਸਕੂਲ

ਰਾਮਦਾਸ ਵਿਖੇ ਹੀ ਗੁਰਦੁਆਰਾ ਤਪ ਅਸਥਾਨ ਦੇ ਨੇੜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਦਿਆ ਦਾ ਦਾਨ ਦੇਣ ਹਿਤ ਇਕ ਵਧੀਆ ਸਕੂਲ ਛੇਵੇਂ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਮ ਉੱਤੇ ਚੱਲ ਰਿਹਾ ਹੈ, ਜਿਥੇ ਮਿਆਰੀ ਵਿਦਿਆ ਦੇ ਨਾਲ-ਨਾਲ ਧਾਰਮਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਇਹ ਵਿਦਿਅਕ ਸੰਸਥਾ ਇਲਾਕੇ ਦੀ ਬਹੁਮੁੱਲੀ ਸੇਵਾ ਕਰ ਰਹੀ ਹੈ। ਗੁ: ਸਮਾਧਾਂ ਵਿਖੇ ਲੰਗਰ ਹਾਲ ਦੀ ਇਮਾਰਤ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ ਅਤੇ ਦੀਵਾਨ ਹਾਲ ਦੀ ਇਮਾਰਤ ਉਸਾਰੀ ਅਧੀਨ ਹੈ।

ਪ੍ਰਕਾਸ਼ਕ :

ਮੈਨੇਜਰ, ਗੁਰਦੁਆਰਾ ਬਾਬਾ ਬੁੱਢਾ ਜੀ,
ਰਾਮਦਾਸ (ਅੰਮ੍ਰਿਤਸਰ)

ਗੋਲਡਨ ਆਫ਼ਸੈਟ ਪ੍ਰੈਸ, ਗ: ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।